# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ।

ਵੱਲ

ਪ੍ਰਿੰਸੀਪਲ/ਹੈੱਡਮਾਸਟਰ,
ਸਰਕਾਰੀ /ਪ੍ਰਾਇਵੇਟ
ਜ਼ਿਲ੍ਹਾ ਬਠਿੰਡਾ।

ਪੱਤਰ ਨੰ: ਜੀ -5/10/2022/1021 ਮਿਤੀ:ਬਠਿੰਡਾ 19-12-2022

ਵਿਸ਼ਾ- ਬੈਂਕ ਅਕਾਊਂਟ ਨੂੰ ਆਧਾਰ ਕਾਰਡ ਨਾਲ ਸੀਡਿਡ ਕਰਵਾਉਣ ਅਤੇ ਆਧਾਰ ਬੇਸਡ ਪੇਮੈਂਟ ਕਰਨ ਸਬੰਧੀ।

ਉਪਰੋਕਤ ਵਿਸ਼ੇ ਅਨੁਸਾਰ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਵਜੀਫੇ ਨਾਲ ਸਬੰਧਤ ਜੋ ਵੀ ਲਾਭਪਾਤਰੀ ਹਨ ਉਹਨਾਂ ਦੇ ਬੈਂਕ ਖਾਤੇ ਆਧਾਰ ਕਾਰਡ ਨਾਲ ਸੀਡਿਡ ਕਰਵਾਏ ਜਾਣ ਅਤੇ ਇਸਦਾ ਸਰਟੀਫਿਕੇਟ ਵੀ ਦਿੱਤਾ ਜਾਵੇ ਕਿ ਸਾਰੇ ਯੋਗ ਵਿਦਿਆਰਥੀਆਂ ਦੇ ਬੈਂਕ ਅਕਾਊਂਟ ਆਧਾਰ ਕਾਰਡ ਨਾਲ ਸੀਡਿਡ ਕਰਵਾ ਦਿੱਤੇ ਗਏ ਹਨ।ਇਹ ਸਰਟੀਫਿਕੇਟ 31-12-2022 ਤੱਕ ਹਰ ਹਾਲਤ ਵਿੱਚ ਇਸ ਦਫਤਰ ਦੇ ਕਮਰਾ ਨੰ: 457 ਸੀਟ ਜੀ-5 ਤੇ ਪੁੱਜਦਾ ਕੀਤਾ ਜਾਵੇ।ਜੇਕਰ ਮਿੱਥੇ ਸਮੇਂ ਦੇ ਅੰਦਰ ਅੰਦਰ ਇਹ ਸਰਟੀਫਿਕੇਟ ਦਫਤਰ ਵਿਖੇ ਪੁੱਜਦਾ ਨਹੀਂ ਕੀਤਾ ਜਾਂਦਾ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

19/12/22

ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ),
ਬਠਿੰਡਾ

19/12/22

Scanned by CamScanner

ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼-8, ਐਸ.ਏ.ਐਸ.ਨਗਰ।
(ਵਜੀਫਾ ਸ਼ਾਖਾ)

**ਅਤਿ ਜਰੂਰੀ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.) (ਈਮੇਲ ਰਾਹੀਂ)
ਪੰਜਾਬ ਰਾਜ।
ਮੀਮੋ ਨੰ. ਈ-79685/2022|330366
ਮਿਤੀ:- 16-12-2022

ਵਿਸ਼ਾ:- **ਬੈਂਕ ਅਕਾਊਂਟ ਨੂੰ ਅਧਾਰ ਕਾਰਡ ਨਾਲ ਸੀਡਿਡ ਕਰਵਾਉਣ ਅਤੇ ਅਧਾਰ ਬੇਸਡ ਪੇਮੈਂਟ ਕਰਨ ਸਬੰਧੀ।**

ਹਵਾਲਾ:- **ਇਸ ਦਫਤਰ ਦੇ ਪੱਤਰ ਨੰ. KW 8/3-2017 ਵਜੀਫਾ(6)/2021197251 ਮਿਤੀ 22-06-2021 ਸਬੰਧੀ।**

1.0 ਉਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋਂ ਜਾਰੀ ਨਵੀਆਂ ਹਦਾਇਤਾਂ ਅਨੁਸਾਰ ਵਜੀਫੇ ਦੀ ਅਦਾਇਗੀ ਅਧਾਰ ਸੀਡਿਡ ਬੈਂਕ ਅਕਾਊਂਟ ਰਾਹੀਂ ਕੀਤੀ ਜਾਣੀ ਹੈ।

2.0 ਇਸ ਲਈ ਆਪ ਦੇ ਜਿਲ੍ਹੇ ਦੇ ਅਧੀਨ ਆਉਂਦੇ ਸਮੂਹ ਸਰਕਾਰੀ ਅਤੇ ਪ੍ਰਾਈਵੇਟ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਸਾਰੇ ਯੋਗ ਲਾਭਪਾਤਰੀਆਂ ਦੇ ਬੈਂਕ ਖਾਤੇ ਅਧਾਰ ਨਾਲ ਸੀਡਿਡ ਕਰਵਾਏ ਜਾਣ।

3.0 ਆਪ ਦੇ ਅਧੀਨ ਆਉਂਦੇ ਸਮੂਹ ਸਕੂਲਾਂ ਤੋਂ ਸਰਟੀਫਿਕੇਟ ਲਿਆ ਜਾਵੇ ਕਿ ਸਾਰੇ ਯੋਗ ਲਾਭਪਾਤਰੀਆਂ ਦੇ ਬੈਂਕ ਅਕਾਊਂਟ ਅਧਾਰ ਕਾਰਡ ਨਾਲ ਸੀਡਿਡ ਕਰਵਾ ਦਿਤੇ ਗਏ ਹਨ।

4.0 ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਸਕੂਲ ਪੱਧਰ ਤੋਂ ਪ੍ਰਾਪਤ ਸਰਟੀਫਿਕਟਾਂ ਦੇ ਅਧਾਰ ਤੇ ਮੁੱਖ ਦਫਤਰ ਨੂੰ ਆਪਣੇ ਹਸਤਾਖਰਾ ਹੇਠ ਸਰਟੀਫਿਕੇਟ ਭੇਜਿਆ ਜਾਵੇ ਕਿ "*ਉਸ ਨਾਲ ਸਬੰਧਤ ਜਿਲੇ ਦੇ ਸਾਰੇ ਯੋਗ ਲਾਭਪਾਤਰੀਆਂ ਦੇ ਬੈਂਕ ਖਾਤੇ ਅਧਾਰ ਨਾਲ ਸੀਡ ਹੋ ਚੁੱਕੇ ਹਨ*"।

5.0 **ਇਹ ਯਕੀਨੀ ਬਣਾਇਆ ਜਾਵੇ ਕਿ ਭਵਿੱਖ ਵਿੱਚ PFMS ਪੋਰਟਲ ਤੇ ਸਾਰੇ ਯੋਗ ਲਾਭਪਾਤਰੀਆਂ ਨੂੰ ਵਜੀਫੇ ਦੀ ਅਦਾਇਗੀ ਅਧਾਰ ਬੇਸਡ ਕੀਤੀ ਜਾਵੇ।**

ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

16.12.2022

**ਸਹਾਇਕ ਡਾਇਰੈਕਟਰ (ਵਜੀਫਾ)**

Scanned by CamScanner